ਸੇਵਾ ਵਿਖੇ

ਮਾਨਯੋਗ ਕਮਿਸ਼ਨਰ ਸਾਹਿਬ,

ਥਾਣਾ ਸਿਵਲ ਲਾਈਨ, ਜਿਲ੍ਹਾ ਅਮ੍ਰਿਤਸਰ।

ਵਿਸ਼ਾ:- ਝੂਠੀਆਂ ਅਤੇ ਬੇਬੁਨਿਆਦ ਦਰਖਾਸਤਾਂ ਦੇਣ ਸਬੰਧੀ।

ਸ਼੍ਰੀਮਾਨ ਜੀ,

ਬੇਨਤੀ ਹੈ ਕਿ ਮੈਂ ਸੰਦੀਪ ਕੁਮਾਰ ਐਡਵੋਕੇਟ ਜਿਲ੍ਹਾ ਕਚਹਿਰੀ ਹੁਸ਼ਿਆਰਪੁਰ ਵਿੱਚ ਬਤੌਰ ਵਕੀਲ ਕੰਮ ਕਰਦਾ ਹਾਂ:-

1) ਇਹ ਕਿ ਭਗਤ ਹਰੀ ਸਿੰਘ ਚੈਰੀਟੇਬਲ ਟਰੱਸਟ ਜੋ ਕਿ ਪਿੰਡ ਦਦਿਆਲ (ਸੈਲਾ) ਜਿਲ੍ਹਾ ਹੁਸ਼ਿਆਰਪੁਰ ਵਿੱਚ ਹੈ ਜਿਸਦਾ ਸਤਵੀਰ ਸਿੰਘ ਅਤੇ ਦਪਿੰਦਰ ਸਿੰਘ ਵਾਸੀ ਗਲੀ ਨੰ.1, ਟੈਗੋਰ ਨਗਰ ਹੁਸ਼ਿਆਰਪੁਰ ਦੇ ਨਾਲ ਪੈਸੇ ਦੇ ਲੈਣ-ਦੇਣ ਦਾ ਝਗੜਾ ਚੱਲ ਰਿਹਾ ਹੈ ਜੋ ਕਿ ਤਕਰੀਬਨ 1,27,00,000/- ਰੁਪਏ ਦਾ ਹੈ।

2) ਇਹ ਕਿ ਜਿਨ੍ਹੇ ਵੀ ਆਦਮੀ ਟਰੱਸਟ ਦੇ ਨਾਲ ਸਬੰਧ ਰੱਖਦੇ ਹਨ ਜਾਂ ਪੈਰਵਾਈ ਕਰਦੇ ਹਨ ਉਹਨਾਂ ਖਿਲਾਫ ਝੂਠੀਆਂ ਅਤੇ ਬੇਬੁਨਿਆਦ ਦਰਖਾਸਤਾਂ ਵੱਖ-ਵੱਖ ਥਾਣਿਆਂ ਅਤੇ ਚੌਂਕੀਆਂ ਵਿੱਚ ਦਿੱਤੀਆਂ ਜਾ ਰਹੀਆਂ ਹਨ। ਜਿਨ੍ਹਾਂ ਦਰਖਾਸਤਾਂ ਵਿੱਚ ਦਰਖਾਸਤਕਰਤਾ ਦਾ ਪੂਰਾ ਨਾਮ ਅਤੇ ਪੂਰਾ ਪਤਾ ਨਹੀਂ ਹੁੰਦਾ ਹੈ।ਉਹਨਾਂ ਬੰਦਿਆਂ ਨਾਲ ਸਾਡੀ ਕੋਈ ਜਾਣ ਪਹਿਚਾਣ ਵੀ ਨਹੀਂ ਹੈ। ਇਹ ਦਰਖਾਸਤਾਂ ਅਧੂਰੇ ਨਾਮ ਪਤੇ ਨਾਲ ਇਸ ਲਈ ਦਿੱਤੀਆਂ ਜਾ ਰਹੀਆਂ ਹਨ ਤਾਂ ਜੋ ਟਰੱਸਟ ਨਾਲ ਪੈਰਵਾਈ ਕਰਨ ਵਾਲੇ ਅਤੇ ਸਬੰਧ ਰੱਖਣ ਵਾਲੇ ਵਿਅਕਤੀਆਂ ਨੂੰ ਤੰਗ ਪਰੇਸ਼ਾਨ ਕੀਤਾ ਜਾਵੇ।

3) ਜਿਵੇਂ ਕਿ ਇੱਕ ਦਰਖਾਸਤ ਨੰ. 150 ਡੀ.ਸੀ., ਮਿਤੀ 28-03-2022 ਮਲਕੀਤ ਚੰਦ ਪੁੱਤਰ ..............................ਵਾਸੀ ਕਵੀਨ ਰੋਡ, ਅਮ੍ਰਿਤਸਰ ਵੱਲੋਂ ਮੇਰੇ ਖਿਲਾਫ ਦਿੱਤੀ ਗਈ ਹੈ ਇਸ ਵਿੱਚ ਵਾਚਣਯੋਗ ਹੈ ਕਿ ਦਰਖਾਸਤਕਰਤਾ ਦਾ ਨਾਂ ਤਾਂ ਪਿਤਾ ਨਾਮ ਹੈ

ਅਤੇ ਨਾ ਹੀ ਉਸਦੇ ਘਰ ਦਾ ਕੋਈ ਗਲੀ ਨੰਬਰ ਨਾਹੀ ਵਾਰਡ ਨੰਬਰ ਅਤੇ ਨਾ ਹੀ ਮਕਾਨ ਨੰਬਰ ਹੈ। ਇਹ ਸਭ ਝੂਠੀਆਂ ਦਰਖਾਸਤਾਂ ਦੇ ਕੇ ਪੁਲਿਸ ਦਾ ਵੀ ਸਮਾਂ ਖਰਾਬ ਕੀਤਾ ਜਾ ਰਿਹਾ ਹੈ। ਇਸੇ ਤਰਾਂ ਦਰਖਾਸਤ ਨੰ. 79 ਸੀ.ਈ.ਏ., ਮਿਤੀ 14-03-2022 ਨੂੰ ਦਰਸ਼ਨ ਲਾਲ ਪੁੱਤਰ ................................ ਵਾਸੀ ਸਰਾਭਾ ਨਗਰ, ਲੁਧਿਆਣਾ ਵੱਲੋਂ ਹੁਸ਼ਿਆਰਪੁਰ ਵਿੱਚ ਵੀ ਬਿਨਾਂ ਕਿਸੇ ਵਲਦੀਅਤ ਅਤੇ ਗਲੀ ਨੰਬਰ, ਬਿਨਾਂ ਵਾਰਡ ਨੰਬਰ ਅਤੇ ਨਾ ਹੀ ਮਕਾਨ ਨੰਬਰ ਹੈ। ਇੱਕ ਦਰਖਾਸਤ ਨੰ. 164/5, ਮਿਤੀ 10-04-2022 ਚੌਂਕੀ ਪੁਰਹੀਰਾਂ ਹੁਸ਼ਿਆਰਪੁਰ ਵਿੱਚ ਵੱਲੋਂ ਹਿਤੇਸ਼ ਕੁਮਾਰ ਪੁੱਤਰ ਸ਼੍ਰੀ ਤਰਸੇਮ ਲਾਲ ਵਾਸੀ ਬੈਂਕ ਕਲੋਨੀ ਹੁਸ਼ਿਆਰਪੁਰ ਜਿਸ ਵਿੱਚ ਕੋਈ ਘਰ ਦਾ ਨੰਬਰ, ਗਲੀ ਨੰਬਰ ਨਾਹੀ ਵਾਰਡ ਨੰਬਰ ਅਤੇ ਨਾ ਹੀ ਮਕਾਨ ਨੰਬਰ ਹੈ। **ਇੱਥੇ ਇਹ ਗੱਲ ਵੀ ਦੱਸਣਯੋਗ ਹੈ ਕਿ ਹੁਸ਼ਿਆਰਪੁਰ ਵਿੱਚ ਤਿੰਨ ਬੈਂਕ ਕਲੋਨੀਆਂ ਹਨ ਅਤੇ ਇਹ ਵਿਅਕਤੀ ਦਾ ਵੀ ਅਧੂਰਾ ਪਤਾ ਦਿੱਤਾ ਗਿਆ ਹੈ। ਇਹ ਦਰਖਾਸਤ ਹਿਤੇਸ਼ ਕੁਮਾਰ ਖੁੱਦ ਨਹੀਂ ਦੇ ਕੇ ਗਿਆ ਅਤੇ ਚੌਂਕੀ ਦੀ ਸੀ.ਸੀ.ਟੀ.ਵੀ. ਫੋਟੇਜ਼ ਤੋਂ ਇਸ ਗੱਲ ਦਾ ਪਤਾ ਲਗਾਇਆ ਜਾ ਸਕਦਾ ਹੈ ਇਹ ਸਭ ਕੁੱਝ ਸਾਨੂੰ ਤੰਗ ਪਰੇਸ਼ਾਨ ਕਰਨ ਲਈ ਕੀਤਾ ਜਾ ਰਿਹਾ ਹੈ।**

4) ਬਲਵਿੰਦਰ ਸਿੰਘ ਜੋ ਕਿ ਭਗਤ ਹਰੀ ਸਿੰਘ ਚੈਰੀਟੇਬਲ ਟਰੱਸਟ ਜੋ ਕਿ ਪਿੰਡ ਦਦਿਆਲ (ਸੈਲਾ) ਜਿਲ੍ਹਾ ਹੁਸ਼ਿਆਰਪੁਰ ਜੋ ਕਿ ਬਤੌਰ ਮੈਨੇਜਰ ਟਰੱਸਟ ਵਿੱਚ ਕੰਮ ਕਰਦਾ ਹੈ ਉਸ ਉੱਪਰ ਵੀ ਦਰਖਾਸਤ ਨੰ. 1 ਐਚ.ਕੇ. ਕਾਲੀਆ ਪੁੱਤਰ ............................ ਵਾਸੀ ਮਾਡਲ ਟਾਊਨ ਹੁਸ਼ਿਆਰਪੁਰ ਲਿੱਖ ਕੇ ਤੰਗ ਪਰੇਸ਼ਾਨ ਕਰਨ ਲਈ ਦਿੱਤੀ ਗਈ ਹੈ ਇਸ ਵਿੱਚ ਵੀ ਦਰਖਾਸਤਕਰਤਾ ਨੇ ਆਪਣਾ ਕੋਈ ਗਲੀ ਨੰਬਰ ਨਾਹੀ ਵਾਰਡ ਨੰਬਰ ਅਤੇ ਨਾ ਹੀ ਮਕਾਨ ਨੰਬਰ ਨਹੀਂ ਦਿੱਤਾ ਹੈ।

5) ਇਹ ਕਿ ਟਰੱਸਟ ਦੇ ਸਾਰੇ ਮੈਂਬਰ ਬਾਹਰ ਇੰਗਲੈਂਡ ਵਿੱਚ ਰਹਿੰਦੇ ਹਨ ਜੋ ਕਿ ਖੁੱਦ ਹਾਜ਼ਰ ਹੋ ਕੇ ਟਰੱਸਟ ਦੀ ਪੈਰਵਾਈ ਨਹੀਂ ਕਰ ਸਕਦੇ। ਉਹਨਾਂ ਨੇ ਸਾਡੇ ਕਲੱਰਕ ਦੀਪਕ ਚੌਧਰੀ ਪੁੱਤਰ ਪ੍ਰੇਮ ਦਾਸ ਵਾਸੀ ਸ਼ਾਲੀਮਾਰ ਨਗਰ ਹੁਸ਼ਿਆਰਪੁਰ ਨੂੰ ਟਰੱਸਟ ਅਟਾਰਨੀ ਦਿੱਤੀ ਹੋਈ ਹੈ ਤਾਂ ਕਿ ਜੋ ਦਰਖਾਸਤ ਐਨ.ਆਰ.ਆਈ. ਜਲੰਧਰ ਬਰਖਿਲਾਫ ਹੁਸ਼ਿਆਰਪੁਰ

ਬਰਖਿਲਾਫ ਸਤਵੀਰ ਸਿੰਘ ਅਤੇ ਦਪਿੰਦਰ ਸਿੰਘ ਤੇ ਚੱਲਦੀ ਹੈ ਉਸਦੀ ਪੈਰਵਾਈ ਹੋ ਸਕੇ ਅਤੇ ਇੱਕ ਦਰਖਾਸਤ ਈ.ਓ. ਵਿੰਗ ਹੁਸ਼ਿਆਰਪੁਰ ਵਿੱਚ ਪੈਸੇ ਦੇ ਲੈਣ-ਦੇਣ ਨੂੰ ਲੈ ਕੇ ਚੱਲਦੀ ਹੈ ਉਸਦੀ ਪੈਰਵਾਈ ਵੀ ਦੀਪਕ ਚੌਧਰੀ ਕਰ ਰਿਹਾ ਹੈ।

6) ਇਹ ਕਿ ਇਹੋ ਜਿਹੇ ਹੀ ਕਿਸੇ ਵਿਅਕਤੀ ਦੁਆਰਾ ਮੇਰਾ ਨਾਮ ਅਤੇ ਮੇਰੇ ਘਰ ਦਾ ਪਤਾ ਇਸਤੇਮਾਲ ਕਰਕੇ ਹਓਮੈਨ ਰਾਈਟਸ ਕਮਿਸ਼ਨ ਨੂੰ ਚਿੱਠੀ ਪਾ ਦਿੱਤੀ ਜਿਸਦਾ ਮੈਨੂੰ ਮੇਰੇ ਮੋਬਾਈਲ ਤੇ ਟੈਕਸ਼ਟ ਮੈਸਿਜ਼ ਆਣ ਤੋਂ ਪਤਾ ਲੱਗਾ ਜਿਸ ਦੀ ਮੈਂ ਹੁਣ ਪੈਰਵਾਈ ਕਰ ਰਿਹਾ ਹਾਂ ਕਿ ਇਹ ਸਭ ਵਿਅਕਤੀ ਉਹ ਹੀ ਹਨ ਜੋ ਇਸ ਤਰਾਂ ਦੀਆਂ ਝੂਠੀਆਂ ਦਰਖਾਸਤਾਂ ਦੇ ਰਹੇ ਹਨ।

7) ਇੱਥੇ ਇੰਹ ਗੱਲ ਵੀ ਦੱਸਣਯੋਗ ਹੈ ਕਿ ਸਾਡੇ ਖਿਲਾਫ ਟਰੱਸਟ ਦੀ ਪੈਰਵਾਈ ਕਰਨ ਤੋਂ ਪਹਿਲਾਂ ਕਦੇ ਵੀ ਕਿਸੇ ਥਾਣੇ ਮਹਿਕਮੇ ਵਿੱਚ ਕੋਈ ਦਰਖਾਸਤ ਨਹੀਂ ਆਈ ਇਹ ਸਭ ਉਸ ਦਿਨ ਸ਼ੁਰੂ ਹੋਇਆ ਜਿਸ ਦਿਨ ਤੋਂ ਅਸੀਂ ਟਰੱਸਟ ਦੀ ਪੈਰਵਾਈ ਕਰਨੀ ਸ਼ੁਰੂ ਕਰ ਦਿੱਤੀ।

ਬੇਨਤੀ ਕੀਤੀ ਜਾਂਦੀ ਹੈ ਕਿ ਜੇਕਰ ਇਸ ਤਰਾਂ ਦੀ ਕੋਈ ਝੂਠੀ ਦਰਖਾਸਤ ਆਉਂਦੀ ਹੈ ਤਾਂ ਦਰਖਾਸਤਕਰਤਾ ਕੋਲੋਂ ਕੋਈ ਪੁੱਖਤਾ ਸਬੂਤ ਜਾਂ ਉਸਦਾ ਬਿਆਨ ਲਿਆ ਜਾਵੇ ਕਿਉਂਕਿ ਦਰਖਾਸਤਕਰਤਾ ਦਾ ਮੰਤਵ ਅਸਿੱਧੇ ਤੌਰ ਤੇ ਸਾਨੂੰ ਤੰਗ ਪਰੇਸ਼ਾਨ ਕਰਨਾ ਹੈ ਇਹਨਾਂ ਝੂਠੀਆਂ ਦਰਖਾਸਤਾਂ ਬੇਨਾਮੀ ਅਤੇ ਗੁਮਨਾਮੀ ਤਰੀਕੇ ਨਾਲ ਦਿੱਤੀਆਂ ਜਾ ਰਹੀਆਂ ਹਨ। ਜਿਸ ਕਰਦੇ ਸਾਡਾ ਬਹੁਤ ਸਮਾਂ ਥਾਣੇ ਅਤੇ ਚੌਂਕੀਆਂ ਵਿੱਚ ਖਰਾਬ ਹੋ ਰਿਹਾ ਹੈ ਅਸੀਂ ਕੰਮ ਕਾਜੀ ਬੰਦੇ ਹਾਂ ਅਤੇ ਦਰਖਾਸਤਕਰਤਾ ਅੱਜ ਤੱਕ ਕਦੇ ਵੀ ਥਾਣੇ ਵਿੱਚ ਨਹੀਂ ਆਇਆ ਜੱਦ ਕਿ ਅਸੀਂ ਦਿੱਤੇ ਹੋਏ ਸਮੇਂ ਤੇ ਹਮੇਸ਼ਾ ਹੀ ਪਹੁੰਚਦੇ ਹਾਂ। ਜਿਸ ਬਾਬਤ ਸਾਡੇ ਕੰਮ ਦਾ ਕਾਫੀ ਨੁਕਸਾਨ ਹੋ ਰਿਹਾ ਹੈ ਸਾਡੀ ਇਨ੍ਹੀ ਬੇਨਤੀ ਹੈ ਕਿ ਸਾਨੂੰ ਇੱਕ ਸਮੇਂ ਤੇ ਬੁਲਾਇਆ ਜਾਵੇ ਅਤੇ ਬੁਲਾਉਣ ਤੋਂ ਪਹਿਲਾਂ ਜਾਂਚ ਅਧਿਕਾਰੀ ਨੂੰ ਦਰਖਾਸਤ ਕਰਤਾ ਦੇ ਸਬੂਤ ਅਤੇ ਬਿਆਨ ਵਾਚ ਲੈਣ ਚਾਹੀਦੇ ਹਨ।

Sandeep Kumar

Date 15/4/22

ਸੰਦੀਪ ਕੁਮਾਰ ਐਡਵੋਕੇਟ
ਜਿਲ੍ਹਾ ਕਚਹਿਰੀ ਹੁਸ਼ਿਆਰਪੁਰ

To Commissioner
Amritsar

Dt 16/4/22

RP999962726IN IVR:82809...
RL HOSHIARPUR HO <146001>
Counter No:1,16/04/2022,11:40
To:COMM POLICE,ASR
PIN:143001, Amritsar GPO
From:SANDEEP KUMAR,HSP
Wt:12gms
Amt:22.00(Cash)
<Track on www.indiapost.gov.in>
<Dial 18002666868> <Wear Masks, Stay Safe